**ਪੇਰੈਂਟ ਮੀਮੋ**

**6 ਫਰਵਰੀ ਤੋਂ 17 ਫਰਵਰੀ**

**ਅਗਲੇ ਦੋ ਹਫਤਿਆਂ ਦੌਰਾਨ ਸਕੂਲ ਵਾਰੇ ਅੰਦਰੂਨੀ-ਝਾਤ:**

**ਕਿੰਗ ਟ੍ਰਡਿਸ਼ਨਲ ਬਾਸਕਟਬਾਲ ਖਿਡਾਰੀਆਂ ਲਈ ਸਮਰਥਨ ਦਾ ਸੁਨੇਹਾ!** ਹੁਣ ਤੱਕ, ਸਾਡੀਆਂ ਗਰੇਡ 5 ਦੇ ਮੁੰਡੇ ਅਤੇ ਕੁੜੀਆਂ ਦੀਆਂ ਬਾਸਕਟਬਾਲ ਟੀਮਾਂ ਦੋਨਾਂ ਨੇ ਹੀ ਕਈ ਗੇਮਾਂ ਵਿੱਚ ਭਾਗ ਲਿਆ ਹੈ। ਕੁਝ ਖੇਡਾਂ ਦੀ ਮੇਜ਼ਬਾਨੀ ਕਿੰਗ ਵਿਖੇ ਕੀਤੀ ਗਈ ਹੈ ਜਦਕਿ ਕੁਝ ਖੇਡਾਂ ਹੋਰ ਸਕੂਲਾਂ ਵਿੱਚ ਹੋਈਆਂ ਹਨ। ਹਰ ਮਾਮਲੇ ਵਿੱਚ, ਸਾਨੂੰ ਖੇਡ ਭਾਵਨਾ ਅਤੇ ਟੀਮ ਦੇ ਟੀਮੂਰ੍ਕ ਬਾਰੇ ਪ੍ਰਸ਼ੰਸਾ ਮਿਲ ਰਹੀ ਹੈ ਜੋ ਸਾਡੇ ਖਿਡਾਰੀ ਬਾਸਕਟਬਾਲ ਕੋਰਟ ਦੇ ਵਿੱਚ ਪ੍ਰਦਰਸ਼ਨ ਕਰ ਰਹੇ ਹਨ। ਉਸਾਰੂ ਸਮਾਜਕ ਜਿੰਮੇਵਾਰੀ ਦਾ ਮਾਡਲ ਬਣਣ ਅਤੇ ਸਾਡੇ ਸਕੂਲ ਦੀ ਚੰਗੀ ਤਰ੍ਹਾਂ ਪ੍ਰਤੀਨਿਧਤਾ ਕਰਨ ਵਾਸਤੇ ਬਾਸਕਟਬਾਲ ਖਿਡਾਰੀਆਂ ਦਾ ਅਸੀਂ ਧੰਨਵਾਦ ਕਰਦੇ ਹਾਂ। ਇਸਨੂੰ ਜਾਰੀ ਰੱਖਣ ਲਈ ਕਹਿੰਦੇ ਹਾਂ!

**ਕਿੰਗ ਪੈਕ ਰੈਫਲ:** ਹਾਲੀਆ ਸਮੇਂ ਵਿੱਚ, ਵਿਦਿਆਰਥੀ ਘਰੇ ਰੈਫਲ ਟਿਕਟਾਂ ਲੈਕੇ ਆ ਰਹੇ ਹਨ ਜਿੰਨ੍ਹਾਂ ਨੂੰ ਪੈਕ (PAC) ਦੀਆਂ ਫ਼ੰਡ ਇਕੱਠਾ ਕਰਨ ਦੀਆਂ ਕੋਸ਼ਿਸ਼ਾਂ ਦੇ ਭਾਗ ਵਜੋਂ ਪਰਿਵਾਰ ਅਤੇ ਦੋਸਤਾਂ ਨੂੰ ਵੇਚਿਆ ਜਾ ਸਕਦਾ ਹੈ। ਇਹ ਫੰਡ ਸਿੱਧੇ ਤੌਰ 'ਤੇ ਕਿੰਗ ਟ੍ਰੈਡੀਸ਼ਨਲ ਵਿਖੇ ਇੱਥੇ ਪ੍ਰੋਗਰਾਮਿੰਗ ਦਾ ਸਮਰਥਨ ਕਰਨ ਲਈ ਵਰਤੇ ਜਾਂਦੇ ਹਨ ਜਿਸਦਾ ਸਾਰੇ ਵਿਦਿਆਰਥੀਆਂ ਨੂੰ ਲਾਭ ਹੁੰਦਾ ਹੈ।ਇੱਕ ਪੱਤਰ ਘਰ ਭੇਜਿਆ ਗਿਆ ਸੀ ਜਿਸ ਵਿੱਚ ਦੱਸਿਆ ਗਿਆ ਸੀ ਕਿ ਰੈਫਲ ਕਿਵੇਂ ਕੰਮ ਕਰਦਾ ਹੈ, ਅਤੇ ਨਾਲ ਹੀ ਕੁਝ ਸ਼ਾਨਦਾਰ ਇਨਾਮਾਂ ਦਾ ਵਰਣਨ ਵੀ ਕੀਤਾ ਗਿਆ ਸੀ ਜੋ ਜਿੱਤਣ ਲਈ ਉਪਲਬਧ ਹਨ। ਜੇ ਤੁਹਾਨੂੰ ਵਧੀਕ ਰੈਫਲ ਪੁਸਤਿਕਾਵਾਂ ਦੀ ਲੋੜ ਹੈ ਜਾਂ ਜੇ ਫੰਡਰੇਜ਼ਰ ਬਾਰੇ ਤੁਹਾਡੇ ਕੋਈ ਸਵਾਲ ਹਨ, ਤਾਂ ਕਿਰਪਾ ਕਰਕੇ ਸਾਡੇ ਦਫਤਰ ਨੂੰ ਇੱਕ ਕਾਲ ਕਰੋ। ਜੇਤੂ ਨਾਵਾਂ ਨੂੰ 3 ਮਾਰਚ ਨੂੰ ਸਾਡੀ ਸਟੂਡੈਂਟ ਆਫ ਦਾ ਮੰਥ ਅਸੈਂਬਲੀ ਵਿਖੇ ਉਲੀਕਿਆ ਜਾਵੇਗਾ।

**ਕਿੰਗ ਟ੍ਰਡਿਸ਼ਨਲ ਰਜਿਸਟਰੇਸ਼ਨ:** ਇੱਕ ਯਾਦ-ਦਹਾਨੀ ਕਿ ਸਾਡੀ ਵੈੱਬਸਾਈਟ 'ਤੇ ਪੰਜੀਕਰਨ ਲਿੰਕ ਉਹਨਾਂ ਪਰਿਵਾਰਾਂ ਵਾਸਤੇ ਲਾਈਵ ਹੈ ਜੋ ਗਰੇਡਾਂ 1-5 ਵਿੱਚ ਕਿੰਗ ਟ੍ਰੈਡੀਸ਼ਨਲ ਸਕੂਲ ਵਿਖੇ ਕਿਸੇ ਸਥਾਨ ਵਾਸਤੇ ਆਪਣੇ ਬੱਚਿਆਂ ਦੇ ਨਾਮ ਉਡੀਕ-ਸੂਚੀ ਵਿੱਚ ਪਾਉਣ ਦੀ ਇੱਛਾ ਰੱਖਦੇ ਹਨ।

ਇੱਕ ਲਿੰਕ ਨੂੰ ਸਾਡੀ ਵੈੱਬਸਾਈਟ 'ਤੇ ਦੇਖਿਆ ਜਾ ਸਕਦਾ ਹੈ (ਇਸ ਤੱਕ ਪਹੁੰਚ, ਮੁੱਖ ਪੰਨੇ 'ਤੇ, ਜਾਂ ਮਾਪਿਆਂ ਅਤੇ ਵਿਦਿਆਰਥੀਆਂ ਦੇ ਮੀਨੂੰ -> ਪੰਜੀਕਰਨ) ਦੇ ਤਹਿਤ ਕੀਤੀ ਜਾ ਸਕਦੀ ਹੈ) । ਇਹਨਾਂ ਫਾਰਮਾਂ ਦੀ ਤਾਰੀਖ਼ ਲਿਖੀ ਜਾਂਦੀਂ ਅਤੇ ਸਮਾਂ-ਮੋਹਰ ਇਹਨਾਂ ਨੂੰ ਪ੍ਰਾਪਤ ਹੋਣ ਦੇ ਕ੍ਰਮ ਵਿੱਚ ਲਗਾਈ ਜਾਂਦੀ ਹੈ, ਸਥਾਨਾਂ ਦੀ ਪੇਸ਼ਕਸ਼ ਵਿਦਿਆਰਥੀਆਂ ਨੂੰ ਪਹਿਲਾਂ-ਆਓ, ਪਹਿਲਾਂ-ਪਾਓ ਦੇ ਆਧਾਰ 'ਤੇ ਦਿੱਤੀ ਜਾਂਦੀ ਹੈ।

**ਸ਼ੈਲਟਰ ਇਨ ਪਲੇਸ ਡਰਿੱਲ:** ਫਰਵਰੀ ਨੂੰ ਅਸੀਂ 1:30 ਵਜੇ ਸਾਡੀ ਅਗਲੀ ਸ਼ੈਲਟਰ ਇਨ ਪਲੇਸ ਡਰਿੱਲ ਦਾ ਅਭਿਆਸ ਕਰਾਂਗੇ। ਸਾਡੇ ਸਿੱਖਣ ਵਾਲੇ ਭਾਈਚਾਰੇ ਦੀ ਸੁਰੱਖਿਆ ਵਿੱਚ ਵਾਧਾ ਕਰਨ ਲਈ ਅਸੀਂ ਇਹਨਾਂ ਡਰਿੱਲਾਂ ਦਾ ਅਭਿਆਸ ਕਰਦੇ ਹਾਂ।

**ਕਿੰਡਰਗਾਰਟਨਾਂ ਵਾਸਤੇ ਦੰਦਾਂ ਦੀ ਪੜਤਾਲ ਵਾਸਤੇ ਮੁਲਾਕਾਤ:** 13 ਫਰਵਰੀ ਨੂੰ, ਦੰਦਾਂ ਦੇ ਮਾਹਰ ਸਾਡੇ ਕਿੰਡਰਗਾਰਟਨ ਵਿਦਿਆਰਥੀਆਂ ਦੇ ਦੰਦਾਂ ਦੀ ਤੁਰੰਤ ਜਾਂਚ ਕਰਨ ਲਈ ਸਾਈਟ 'ਤੇ ਆਉਣਗੇ। ਇਸ ਪ੍ਰਕਿਰਿਆ ਦੇ ਸਬੰਧ ਵਿੱਚ ਸਾਡੇ ਕਿੰਡਰਗਾਰਟਨ ਮਾਤਾ-ਪਿਤਾ ਨੂੰ ਜਾਣਕਾਰੀ ਘਰੇ ਭੇਜ ਦਿੱਤੀ ਗਈ ਸੀ। ਉਹ ਲੋਕ ਜੋ ਪੜਤਾਲ ਕਰ ਰਹੇ ਹੋਣਗੇ, ਜੇ ਇਸ ਪੜਤਾਲ ਦੌਰਾਨ ਉਹਨਾਂ ਨੂੰ ਕੋਈ ਸਮੱਸਿਆਵਾਂ ਨਜ਼ਰ ਆਉਂਦੀਆਂ

ਹਨ ਤਾਂ ਉਹ ਪਰਿਵਾਰਾਂ ਨਾਲ ਸੰਪਰਕ ਕਰਨਗੇ। ਇਹ ਕਿਸੇ ਵੀ ਮੁੱਦਿਆਂ ਲਈ ਸਿਰਫ ਇੱਕ ਜਾਂਚ ਹੈ ਜੋ ਸਿੱਖਣ ਵਿੱਚ ਵਿਘਨ ਪਾ ਸਕਦੇ ਹਨ। ਕਿਰਪਾ ਕਰਕੇ ਦੰਦਾਂ ਦੇ ਡਾਕਟਰ ਦੇ ਨਾਲ ਇਸ ਮੁਲਾਕਾਤ ਨੂੰ ਕਿਸੇ ਕਾਰਨ ਕਰਕੇ ਨਾ ਬਦਲੋ, ਇਹ ਸੁਨਿਸ਼ਚਿਤ ਕਰੋ ਕਿ ਤੁਹਾਡਾ ਬੱਚਾ ਉਸ ਦਿਨ ਸਕੂਲ ਵਿੱਚ ਮੌਜੂਦ ਹੋਵੇ।

**ਮਾਤਾ-ਪਿਤਾ ਅਤੇ ਅਧਿਆਪਕ ਇੰਟਰਵਿਊਆਂ:** 15 ਅਤੇ 16 ਫਰਵਰੀ ਨੂੰ, ਅਸੀਂ ਇੱਕ ਵਾਰ ਫੇਰ ਸਾਡੇ ਮਾਤਾ-ਪਿਤਾ/ਅਧਿਆਪਕ ਦੀਆਂ ਇੰਟਰਵਿਊਆਂ ਦਾ ਸੰਚਾਲਨ ਕਰਾਂਗੇ। ਅਕਤੂਬਰ ਵਿੱਚ ਸਾਡੇ ਇੰਟਰਵਿਊਆਂ ਦੀ ਤਰ੍ਹਾਂ, ਦੋਨਾਂ ਦਿਨਾਂ ਨੂੰ ਵਿਦਿਆਰਥੀਆਂ ਨੂੰ ਜਲਦੀ ਬਰਖਾਸਤ ਕਰ ਦਿੱਤਾ ਜਾਵੇਗਾ। 15 ਅਤੇ 16 ਫਰਵਰੀ ਨੂੰ, ਸਕੂਲ ਨੂੰ 12:00 ਵਜੇ ਬਰਖਾਸਤ ਕਰ ਦਿੱਤਾ ਜਾਵੇਗਾ।ਇਸ ਸਮੇਂ ਬੱਸਾਂ ਚੱਲਣਗੀਆਂ ਅਤੇ ਵਿਦਿਆਰਥੀਆਂ ਨੂੰ ਲੈ ਕੇ ਜਾਣਗੀਆਂ। ਜਿਹੜੇ ਵਿਦਿਆਰਥੀ ਬੱਸ ਨਹੀਂ ਲੈਂਦੇ, ਉਹਨਾਂ ਨੂੰ ਇਸ ਸਮੇਂ ਚੁੱਕਣ ਦੀ ਲੋੜ ਪਵੇਗੀ। ਮਾਤਾ-ਪਿਤਾ - ਅਧਿਆਪਕ ਇੰਟਰਵਿਊਆਂ ਸਾਡੇ ਔਨਲਾਈਨ ਬੁਕਿੰਗ ਪ੍ਰੋਗਰਾਮ ਦੀ ਵਰਤੋਂ ਕਰਕੇ ਬੁੱਕ ਕੀਤੀਆਂ ਜਾ ਸਕਦੀਆਂ ਹਨ। ਮੀਟਿੰਗਾਂ ਵਾਸਤੇ ਸਮਾਂ ਸਲੌਟ ਨਿਮਨਲਿਖਤ ਅਨੁਸਾਰ ਹਨ:

**15 ਫਰਵਰੀ:** ਤੈਅ-ਮੁਲਾਕਾਤਾਂ 12:40– 2:30 ਵਜੇ ਤੱਕ ਉਪਲਬਧ ਹਨ

**16 ਫਰਵਰੀ:** ਤੈਅ-ਮੁਲਾਕਾਤਾਂ 12:40-2:30 ਵਜੇ ਤੱਕ **ਅਤੇ** ਸ਼ਾਮ ਨੂੰ 5 ਵਜੇ ਤੋਂ ਰਾਤ 8 ਵਜੇ ਤੱਕ ਉਪਲਬਧ ਹਨ।

ਹਫਤੇ ਦੇ ਬਾਅਦ ਵਿੱਚ, ਸਾਰੇ ਪਰਿਵਾਰਾਂ ਨਾਲ ਇੱਕ ਵੱਖਰਾ ਸੰਚਾਰ ਸਾਂਝਾ ਕੀਤਾ ਜਾਵੇਗਾ ਜਿਸ ਵਿੱਚ ਅਗਲੇਰੇ ਵਿਸਥਾਰ ਅਤੇ ਇਸ ਬਾਰੇ ਹਿਦਾਇਤਾਂ ਹੋਣਗੀਆਂ ਕਿ ਕੋਈ ਤੈਅ-ਮੁਲਾਕਾਤ ਕਿਵੇਂ ਬੁੱਕ ਕਰਨੀ ਹੈ।

<u>ਆਉਣ ਵਾਲੀਆਂ ਤਾਰੀਖਾਂ:</u>

17 ਫਰਵਰੀ: ਪੇਸ਼ੇਵਰ ਵਿਕਾਸ ਦਿਵਸ (ਵਿਦਿਆਰਥੀਆਂ ਲਈ ਕੋਈ ਸਕੂਲ ਨਹੀਂ)

20 ਫਰਵਰੀ: ਪਰਿਵਾਰ ਦਿਵਸ (ਕਾਨੂੰਨੀ ਛੁੱਟੀ, ਕੋਈ ਸਕੂਲ ਨਹੀਂ)

22 ਫਰਵਰੀ: ਕਿੰਗ ਵਿਦਿਆਰਥੀ ਇੱਕ ਇੰਟਰਐਕਟਿਵ ਡਰਾਮਾ ਪੇਸ਼ਕਾਰੀ ਦਾ ਅਨੰਦ ਲੈਂਦੇ ਹਨ

27 ਫਰਵਰੀ: ਰੋਲਰਬਲੇਡਿੰਗ ਮਾਹਰ ਇਸ ਮਿਤੀ ਤੋਂ ਕਿੰਗ ਸਟੂਡੈਂਟਸ ਦੇ ਨਾਲ ਕੰਮ ਕਰਦੇ ਹੋਏ ਸਕੂਲ ਵਿੱਚ ਹੋਣਗੇ।।

27 ਫਰਵਰੀ: ਡਿਸਟ੍ਰਿਕਟ ਸਾਲਾਨਾ ਜੁਆਇੰਟ ਪਾਰਟਨਰਜ਼ ਮੀਟਿੰਗ (ਪੈਕ/ਐਡਮਿਨ ਸਕੂਲ ਦੀ ਪ੍ਰਤੀਨਿਧਤਾ ਕਰਨਗੇ)

3 ਮਾਰਚ: ਸਟੂਡੈਂਟ ਆਫ ਦਾ ਮੰਥ ਅਸੈਂਬਲੀ ਸਵੇਰੇ 9 ਵਜੇ

9 ਮਾਰਚ: ਟਰਮ 2 ਦੇ ਰਿਪੋਰਟ ਕਾਰਡ ਘਰ ਭੇਜੇ ਜਾਣਗੇ

10 ਮਾਰਚ : 1:30 ਵਜੇ ਫਾਇਰ ਡਰਿੱਲ। ਨਾਲ ਹੀ, ਬਸੰਤ ਰੁੱਤ ਦੀ ਛੁਟੀਆਂ (ਸਪ੍ਰਿੰਗ ਬਰੇਕ) ਤੋਂ ਪਹਿਲਾਂ ਦਾ ਆਖਰੀ ਦਿਨ।